ਮਾਰੂ ਮਹਲਾ ੫ ॥ ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ ॥ ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ ॥੧॥ ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥ ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥੧॥ ਰਹਾਉ ॥ ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥ ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ ॥੨॥ ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥ ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥ ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥ ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥ {ਪੰਨਾ 999}

ਪਦਅਰਥ:- ਕਵਨ ਥਾਨ—ਕਿਸ ਥਾਂ? ਧੀਰਿਓ ਹੈ—ਟਿਕਿਆ ਹੋਇਆ ਹੈ। ਨਾਮਾ—(ਤੇਰਾ ਉਹ) ਨਾਮ (ਜਿਸ ਨੂੰ ਲੈ ਲੈ ਕੇ ਕੋਈ ਮਨੁੱਖ ਤੈਨੂੰ ਗਾਲ੍ਹਾਂ ਕੱਢਦਾ ਹੈ)। ਬਸਤੁ—ਵਸਤੂ, ਚੀਜ਼। ਚਿਹਨ—ਨਿਸ਼ਾਨ, ਜ਼ਖ਼ਮ। ਸੁਨਿ—ਸੁਣ ਕੇ। ਮੁਖ ਤੇ—(ਕਿਸੇ ਦੇ) ਮੂੰਹ ਤੋਂ। ਸੁਨਿ ਕਰਿ ਗਾਰਾ—ਗਾਲ੍ਹਾਂ ਸੁਣ ਕੇ। ਊਪਰਿ ਛੋਹਿਓ—ਤੂੰ ਕ੍ਰੋਪਵਾਨ ਹੋ ਰਿਹਾ ਹੈਂ।1।

ਰੇ—ਹੇ ਭਾਈ! ਕਹਾ ਤੇ—ਕਿਸ ਥਾਂ ਤੋਂ? ਏਤੀ—ਇਤਨੀ ਗੱਲ ਭੀ। ਨ ਜਾਨਉ—ਨ ਜਾਨਉਂ, ਮੈਂ ਨਹੀਂ ਜਾਣਦਾ। ਕੇਤੀਕ—ਕਿਤਨੀ ਕੁ? ਮੁਦਤਿ—ਮੁੱਦਤਿ, ਸਮਾ। ਚਲਤੇ—(ਜੂਨਾਂ ਵਿਚ) ਤੁਰਦਿਆਂ।1। ਰਹਾਉ।

ਸਹਨ ਸੀਲ—ਸਹਾਰ ਸਕਣ ਦੇ ਸੁਭਾਉ ਵਾਲੇ। ਪਵਨ—ਹਵਾ। ਅਰੁ—ਅਤੇ। ਬਸੁਧਾ—ਧਰਤੀ। ਖਿਮਾ—ਕਿਸੇ ਦੀ ਵਧੀਕੀ ਮੁਆਫ਼ ਕਰਨ ਦਾ ਸੁਭਾਉ। ਨਿਭਰਾਤੇ—ਨਿੱਸੰਦੇਹ। ਮਿਲਿ—ਮਿਲ ਕੇ। ਦੁਰਾਤੇ—ਦੂਰਤ, ਭੈੜ।2।

ਜਿਨਿ—ਜਿਸ ਨੇ। ਪੁਰਖਿ—ਪੁਰਖ ਨੇ। ਬਿਧਾਤੈ—ਸਿਰਜਣਹਾਰ ਨੇ। ਜਿਨਿ ਪੁਰਖ ਬਿਧਾਤੈ—ਜਿਸ ਰਖਣਹਾਰ ਪ੍ਰਭੂ ਨੇ। ਨਾਲੇ—ਨਾਲ ਹੀ। ਉਸ ਹੀ ਕਉ—ਉਸ (ਹਉਮੈ) ਨੂੰ ਹੀ {ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਉਸ'
ਦਾ ੁ ਉੱਡ ਗਿਆ ਹੈ}। ਰੇ—ਹੇ ਭਾਈ! ਓਹਾ—ਉਹ (ਹਉਮੈ) ਹੀ। ਆਵੈ ਜਾਈ—ਜੰਮਦੀ ਮਰਦੀ ਹੈ।3।

ਬਰਨੁ—ਰੰਗ। ਚਿਹਨੁ—ਨਿਸ਼ਾਨ। ਮਿਥਿਆ—ਨਾਸਵੰਤ। ਪਸਾਰਾ—ਜਗਤ ਦਾ ਖਿਲਾਰਾ। ਭਣਤਿ—ਆਖਦਾ ਹੈ। ਉਝਾਰੈ—ਉਜਾੜਦਾ ਹੈ। ਏਕੈ—ਇਕ ਆਪ ਹੀ। ਏਕੰਕਾਰਾ—ਇਕ ਪਰਮਾਤਮਾ।4।

ਅਰਥ:- ਹੇ ਭਾਈ! ਸੁਣ (ਵਿਚਾਰ ਕਿ) ਤੂੰ ਕੌਣ ਹੈਂ? (ਤੇਰਾ ਅਸਲਾ ਕੀਹ ਹੈ?), ਤੂੰ ਕਿਥੋਂ (ਇਸ ਜਗਤ ਵਿਚ) ਆਇਆ ਹੈਂ? ਮੈਂ ਤਾਂ ਇਤਨੀ ਗੱਲ ਭੀ ਨਹੀਂ ਜਾਣਦਾ (ਕਿ ਜੀਵ ਨੂੰ ਅਨੇਕਾਂ ਜੂਨਾਂ ਵਿਚ) ਤੁਰਦਿਆਂ ਕਿਤਨਾ ਸਮਾ ਲੱਗ ਜਾਂਦਾ ਹੈ। ਕਿਸੇ ਨੂੰ ਭੀ ਇਹ ਖ਼ਬਰ ਨਹੀਂ ਮਿਲ ਸਕਦੀ। (ਫਿਰ, ਦੱਸ, ਆਪਣੇ ਉੱਤੇ ਮਾਣ ਕਾਹਦਾ?)।1। ਰਹਾਉ।

(ਹੇ ਭਾਈ! ਤੇਰਾ ਉਹ) ਨਾਮ (ਤੇਰੇ ਅੰਦਰ) ਕਿੱਥੇ ਟਿਕਿਆ ਹੋਇਆ ਹੈ (ਜਿਸ ਨੂੰ ਲੈ ਲੈ ਕੇ ਕੋਈ ਤੈਨੂੰ ਗਾਲ੍ਹ ਕੱਢਦਾ ਹੈ?) ਉਹ ਅਹੰਕਾਰ ਕੀਹ ਚੀਜ਼ ਹੈ (ਜਿਸ ਨਾਲ ਤੂੰ ਆਫਰਿਆ ਫਿਰਦਾ ਹੈਂ)? ਹੇ ਭਾਈ! ਸੁਣ, ਤੈਨੂੰ ਉਹ ਕਿਹੜੇ ਫੱਟ ਲੱਗੇ ਹਨ ਕਿਸੇ ਦੇ ਮੂੰਹੋਂ ਗੱਲਾਂ ਸੁਣ ਕੇ, ਜਿਸ ਕਰਕੇ ਤੂੰ ਕ੍ਰੋਧਵਾਨ ਹੋ ਜਾਂਦਾ ਹੈਂ?।1।

ਹੇ ਭਾਈ! ਹਵਾ ਅਤੇ ਪਾਣੀ (ਇਹ ਦੋਵੇਂ ਤੱਤ) ਸਹਾਰ ਸਕਣ ਦੇ ਸੁਭਾਉ ਵਾਲੇ ਹਨ। ਧਰਤੀ ਤਾਂ ਨਿੱਸੰਦੇਹ ਖਿਮਾ-ਰੂਪ ਹੀ ਹੈ। ਪੰਜ ਤੱਤ ਮਿਲ ਕੇ (ਮਨੁੱਖ ਦਾ) ਸਰੀਰ ਬਣਦਾ ਹੈ। ਇਹਨਾਂ ਪੰਜਾਂ ਤੱਤਾਂ ਵਿਚੋਂ ਭੈੜ ਕਿਸ ਵਿਚ ਹੈ?।1।

(ਪਰ ਜੀਵਾਂ ਦੇ ਭੀ ਕੀਹ ਵੱਸ?) ਜਿਸ ਸਿਰਜਣਹਾਰ ਕਰਤਾਰ ਨੇ ਇਹ ਰਚਨਾ ਰਚੀ ਹੈ, ਉਸ ਨੇ (ਸਰੀਰ ਬਣਾਣ ਵੇਲੇ) ਹਉਮੈ ਭੀ ਨਾਲ ਹੀ (ਹਰੇਕ ਦੇ ਅੰਦਰ) ਪਾ ਦਿੱਤੀ ਹੈ। ਉਸ (ਹਉਮੈ) ਨੂੰ ਹੀ ਜਨਮ ਮਰਨ (ਦਾ ਗੇੜ) ਹੈ,

ਉਹ ਹਉਮੈ ਹੀ ਜੰਮਦੀ ਮਰਦੀ ਹੈ (ਭਾਵ, ਉਸ ਹਉਮੈ ਦੇ ਕਾਰਨ ਹੀ ਜੀਵ ਲਈ ਜੰਮਣ ਮਰਨ ਦਾ ਚੱਕਰ ਬਣਿਆ ਰਹਿੰਦਾ ਹੈ)।3।

ਹੇ ਭਾਈ! ਇਹ ਸਾਰਾ ਜਗਤ-ਖਿਲਾਰਾ ਨਾਸਵੰਤ ਹੈ, ਇਸ ਰਚਨਾ ਵਿਚ (ਥਿਰਤਾ ਦਾ) ਕੋਈ ਬਰਨ ਚਿਹਨ ਨਹੀਂ ਹੈ। ਨਾਨਕ ਆਖਦਾ ਹੈ—(ਹੇ ਭਾਈ!) ਜਦੋਂ ਪਰਮਾਤਮਾ ਇਸ ਖੇਡ ਨੂੰ ਉਜਾੜਦਾ ਹੈ ਤਦੋਂ ਇਕ ਆਪ ਹੀ ਆਪ ਹੋ ਜਾਂਦਾ ਹੈ।4। 4।